ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਪੰਜਾਬ।
ਮੀਮੋ ਨੰ.ਈ-434491/2024 283697
ਮਿਤੀ:- 05-11-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ 1) (ਕੰਪੋਨੈਂਟ 2) ਸਕੀਮ ਅਧੀਨ ਸਾਲ 2024-25 ਦੇ ਯੋਗ ਲਾਭਪਾਤਰੀਆਂ ਦਾ ਐਨ.ਐਸ.ਪੀ. ਪੋਰਟਲ ਤੇ ਡਾਟਾ ਵੈਰੀਫਾਈ ਕਰਨ ਸਬੰਧੀ ।

1. ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1) ਸਕੀਮ ਅਧੀਨ ਨੋਵੀ (fresh) ਦੇ 65152 ਅਤੇ ਦਸਵੀ (Renewal) ਦੇ 41596 (ਕੁੱਲ 106748) ਵਿਦਿਆਰਥੀਆਂ ਵਲੋ ਅਪਲਾਈ ਕੀਤਾ ਗਿਆ ਹੈ ਅਤੇ (ਕੰਪੋਨੈਂਟ-2) ਸਕੀਮ ਅਧੀਨ ਨਵੇ 90 ਅਤੇ ਪੁਰਾਣੇ 20 (ਕੁੱਲ 110) ਯੋਗ ਲਾਭਪਾਤਰੀਆਂ ਵਲੋ ਅਪਲਾਈ ਕੀਤਾ ਗਿਆ ਹੈ ।
2. ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਪੋਰਟਲ ਤਕਰੀਬਨ 4 ਮਹੀਨਿਆਂ ਤੋਂ ਖੁੱਲਾ ਹੈ, ਪ੍ਰੰਤੂ ਅਜੇ ਤੱਕ ਬਹੁਤ ਘੱਟ ਵਿਦਿਆਰਥੀਆਂ ਵਲੋ ਅਪਲਾਈ ਕੀਤਾ ਗਿਆ ਹੈ । ਐਨ.ਐਸ.ਪੀ. ਪੋਰਟਲ ਮਿਤੀ 11.11.2024 ਤੱਕ ਖੁੱਲਾ ਹੈ, ਇਸ ਲਈ ਰਹਿੰਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਤੁਰੰਤ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ । ਜੇਕਰ ਕੋਈ ਵੀ ਯੋਗ ਲਾਭਪਾਤਰੀ ਉਕਤ ਪੋਰਟਲ ਤੇ ਅਪਲਾਈ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)/ਨੋਡਲ ਵਜੀਫਾ ਅਫਸਰ ਦੀ ਨਿੱਜੀ ਹੋਵੇਗੀ ।
3. ਜਿਨ੍ਹਾਂ ਯੋਗ ਲਾਭਪਾਤਰੀਆਂ ਵਲੋ ਐਨ.ਐਸ.ਪੀ. ਪੋਰਟਲ ਤੇ ਹੁਣ ਤੱਕ ਅਪਲਾਈ ਕੀਤਾ ਜਾ ਚੁੱਕਾ ਹੈ, ਉਨ੍ਹਾਂ ਯੋਗ ਲਾਭਪਾਤਰੀਆਂ ਦਾ ਡਾਟਾ ਸਕੂਲ ਪੱਧਰ/ਮੁਖੀ (ਲੈਵਲ-1) ਵਲੋ ਵੈਰੀਫਾਈ ਕਰਵਾਇਆ ਜਾਵੇ ਅਤੇ ਇਸ ਉਪਰੰਤ ਜਿਲ੍ਹਾ ਪੱਧਰ (ਲੈਵਲ-2)/ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੀ ਨਾਲ-ਨਾਲ ਵਿਦਿਆਰਥੀਆਂ ਦਾ ਡਾਟਾ ਵੈਰੀਫਾਈ ਕਰਨ ਤਾਂ ਜੋ ਵੈਰੀਫਿਕੇਸ਼ਨ ਸਬੰਧੀ ਕਾਰਜ ਸਮੇਂ ਸਿਰ ਪੂਰਾ ਕੀਤਾ ਜਾ ਸਕੇ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ।

05.11.2024

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/10/2024/1441 ਮਿਤੀ: 06-11-2024

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ/ਪ੍ਰਾਈਵੇਟ (ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲ) ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਜਿਹੜੇ ਵਿਦਿਆਰਥੀਆਂ ਨੂੰ ਸਿਰਫ ਵਿੱਚ ਅਪਰੂਵਲ ਕਰਨਾ ਹੈ ਉਹਨਾਂ ਨੂੰ ਹੀ ਅਪਰੂਵਲ ਨਹੀਂ ਕੀਤਾ ਗਿਆ ਜਦ ਕਿ ਉਹਨਾਂ ਵਿਦਿਆਰਥੀਆਂ ਨੂੰ ਟਾਰਗੇਟ ਵੀ ਕਰਨਾ ਹੈ ਪਹਿਲੇ ਦਿਨ ਹੀ ਇਹਨਾਂ ਵਿਦਿਆਰਥੀਆਂ ਨੂੰ ਸਿਰਫ ਵਿਚੋਂ ਨਹੀਂ ਕੀਤਾ ਜਾ ਰਿਹਾ। ਇਸ ਲਈ ਆਪ ਸਭ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਜੋ ਵਿਦਿਆਰਥੀਆਂ ਅਪਰੂਵਲ ਲੈਵਲ ਤੇ ਰਹਿੰਦੇ ਹਨ ਉਹਨਾਂ ਨੂੰ ਜਲਦ ਹੀ ਅਪਰੂਵਲ ਕੀਤਾ ਜਾਵੇ ਅਤੇ ਸਕੂਲ ਪੱਧਰ ਤੇ ਪਏ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰ ਤੇ ਵੈਰੀਫਾਈ ਕਰਕੇ ਭੇਜਿਆ ਜਾਵੇ। ਜੇਕਰ ਇਸ ਤੋਂ ਬਾਅਦ ਵੀ ਕੋਈ ਯੋਗ ਵਿਦਿਆਰਥੀ (Fresh /Renewal) ਅਪਰੂਵਲ ਲੈਵਲ ਤੋਂ ਵਾਂਝੇ ਰਹਿ ਜਾਂਦੇ ਹਨ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਨੋਟ → ਆਖਰੀ ਮਿਤੀ ਤੱਕ ਫਾਰਮ ਨੂੰ ਅਪਰੂਵਲ ਕਰਨ ਲਈ ਨਾ ਰੋਕਿਆ ਜਾਵੇ ਕਿਉਂਕਿ ਆਖਰੀ ਮਿਤੀ ਦੇ ਨਜ਼ਦੀਕ website ਬਹੁਤ busy ਹੋ ਜਾਂਦੀ ਹੈ ਤੇ ਫਾਰਮ ਅਪਰੂਵਲ ਨਹੀਂ ਹੁੰਦੇ, ਅਜਿਹੀ ਸਥਿਤੀ ਵਿੱਚ ਇਸ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
6/11/24

Scanned with OKEN Scanner